File No.: SED-EDU404/79/2024-5EDU4/I/1130916/2025 ਮਿਤੀ- 23.06.2025

DySPD (C/C) 25/6/25

26.06.25

AM/MB

ਪੰਜਾਬ ਸਰਕਾਰ

ਸਿਖਿਆ ਵਿਭਾਗ

(ਸਿਖਿਆ-4 ਸਾਖਾ)

**ਹੁਕਮ**

ਸ੍ਰੀਮਤੀ ਮੋਨਿਕਾ ਮਹਾਜਨ, ਪ੍ਰਿੰਸੀਪਲ, ਸਕੂਲ ਆਫ ਐਮੀਨੈਂਸ, ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਨੂੰ ਸਰਕਾਰ ਦੇ ਪੱਤਰ ਨੰ. SED-EDU404/79/2024-5EDU4/I/931432/2024 ਮਿਤੀ 20.09.2024 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਜਿਸ ਵਿੱਚ ਉਸ ਵਿਰੁੱਧ ਹੇਠ ਲਿਖੇ ਅਨੁਸਾਰ ਦੋਸ਼ ਲਗਾਏ ਗਏ ਸਨ-

*"ਆਪ ਵਿਰੁੱਧ ਸਕੂਲ ਆਫ ਐਮੀਨੈਂਸ, ਅਜਨਾਲਾ, ਅੰਮ੍ਰਿਤਸਰ ਦੇ ਸਮੂਹ ਸਟਾਫ ਮੈਂਬਰਾਂ ਵੱਲੋਂ ਮਿਤੀ 27.02.2024 ਨੂੰ ਮਾੜੇ ਵਤੀਰੇ ਸਬੰਧੀ ਸ਼ਿਕਾਇਤ ਕੀਤੀ ਗਈ। ਜਿਸ ਤੇ ਕਾਰਵਾਈ ਕਰਦੇ ਹੋਏ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅੰਮ੍ਰਿਤਸਰ ਵੱਲੋਂ ਮਿਤੀ 24.04.2024 ਰਾਹੀਂ ਸ਼ਿਕਾਇਤ ਦੀ ਪੜ੍ਹਤਾਲ ਲਈ ਪੜ੍ਹਤਾਲੀਆ ਅਫਸਰ ਨਿਯੁਕਤ ਕੀਤੇ ਗਏ। ਪੜ੍ਹਤਾਲੀਆ ਅਫ਼ਸਰਾਂ ਵੱਲੋਂ ਮਿਤੀ 10.07.2024 ਰਾਹੀਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅੰਮ੍ਰਿਤਸਰ ਨੂੰ ਭੇਜੀ ਗਈ ਪੜ੍ਹਤਾਲ ਰਿਪੋਰਟ ਅਨੁਸਾਰ ਸਮੂਹ ਸਟਾਫ ਵੱਲੋਂ ਆਪ ਦੇ ਮਾੜੇ ਵਤੀਰੇ ਸਬੰਧੀ ਲਾਇਆ ਗਿਆ ਦੋਸ਼ ਸਿੱਧ ਕੀਤਾ ਗਿਆ ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅੰਮ੍ਰਿਤਸਰ ਵੱਲੋਂ ਵੀ ਪੜ੍ਹਤਾਲ ਰਿਪੋਰਟ ਨਾਲ ਸਹਿਮਤੀ ਪ੍ਰਗਟਾਈ ਗਈ। ਇਸ ਤਰ੍ਹਾਂ ਆਪ ਨੇ ਵਿਭਾਗ ਦਾ ਅਕਸ ਖਰਾਬ ਕੀਤਾ ਹੈ।*

*ਆਪ ਦੀ ਬਤੌਰ ਪ੍ਰਿੰਸੀਪਲ, ਸਕੂਲ ਆਫ਼ ਐਮੀਨੈਂਸ, ਅਜਨਾਲਾ, ਅੰਮ੍ਰਿਤਸਰ ਤੈਨਾਤੀ ਦੌਰਾਨ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅੰਮ੍ਰਿਤਸਰ ਵੱਲੋਂ ਮਿਤੀ 22.08.2024 ਨੂੰ 09.10 ਵਜੇ ਸਕੂਲ ਦਾ ਨਿਰੀਖਣ ਕੀਤਾ ਗਿਆ ਅਤੇ ਨਿਰੀਖਣ ਦੌਰਾਨ ਪਾਇਆ ਗਿਆ ਕਿ ਬਹੁਤ ਸਾਰੀਆਂ ਜਮਾਤਾਂ ਵਿੱਚ ਅਧਿਆਪਕ ਮੌਜੂਦ ਨਹੀਂ ਸਨ ਅਤੇ ਦੂਸਰਾ ਪੀਰੀਅਰ 09.00 ਵਜੇ ਸ਼ੁਰੂ ਹੋਣ ਦੇ ਬਾਵਜੂਦ ਵੀ ਕਈ ਵਿਦਿਆਰਥੀ ਜਮਾਤਾਂ ਤੋਂ ਬਾਹਰ ਘੁੰਮ ਰਹੇ ਸਨ। ਸਕੂਲ ਵਿੱਚ ਪੀਰੀਅਡ ਬਦਲਣ ਸਮੇਂ ਕੋਈ ਵੀ ਘੰਟੀ ਨਹੀਂ ਵਜਾਈ ਜਾਂਦੀ। ਨਿਰੀਖਣ ਦੌਰਾਨ ਪਾਇਆ ਗਿਆ ਕਿ ਆਪ ਸਕੂਲ ਦੇ ਵਰਾਂਡੇ ਵਿੱਚ ਬੈਠੇ ਸੀ ਅਤੇ ਆਪ ਵੱਲੋਂ ਸਭ ਕੁੱਝ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਸੀ। iHRMS ਤੇ ਗੁਪਤ ਰਿਪੋਰਟਾਂ ਭਰਨ ਦੀ ਆਖਰੀ ਮਿਤੀ 25.07.2024 ਹੋਣ ਦੇ ਬਾਵਜੂਦ ਵੀ ਆਪ ਵੱਲੋਂ ਕਿਸੇ ਵੀ ਅਧਿਆਪਕ ਦੀ ਗੁਪਤ ਰਿਪੋਰਟਾਂ iHRMS ਪੋਰਟਲ ਤੇ ਭਰੀਆਂ ਨਹੀਂ ਗਈਆਂ। ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮਿਤੀ 20.08.2024 ਨੂੰ Competency Enhacement Plan (CEP) ਦਾ ਇਮਤਿਹਾਨ ਵੀ ਆਪ ਵੱਲੋਂ ਕੰਡਕਟ ਨਹੀਂ ਕਰਵਾਇਆ ਗਿਆ। ਇਸ ਤਰ੍ਹਾਂ ਆਪਨੇ ਇਕ ਗੈਰ-ਜਿੰਮੇਵਾਰ ਅਧਿਕਾਰਨ ਹੋਣ ਦਾ ਸਬੂਤ ਦਿੱਤਾ ਹੈ।"*

2. ਇਹ ਕਿ ਅਧਿਕਾਰਨ ਵੱਲੋਂ ਦੋਸ਼ ਸੂਚੀ ਦੇ ਸਬੰਧ ਵਿੱਚ ਮਿਤੀ 16.10.2024 ਰਾਹੀਂ ਆਪਣਾ ਜਵਾਬ ਸਰਕਾਰ ਨੂੰ ਭੇਜਿਆ ਗਿਆ, ਜਿਸਨੂੰ ਤਸੱਲੀਬਖਸ਼ ਨਾ ਪਾਏ ਜਾਣ ਕਾਰਨ ਦੋਸ਼ ਸੂਚੀ ਵਿੱਚ ਉਕਤ ਦੋਸ਼ਾਂ ਦੀ ਰੈਗੂਲਰ ਪੜਤਾਲ ਕਰਨ ਲਈ ਸਰਕਾਰ ਦੇ ਪੱਤਰ ਨੰ. SED-EDU404/79/2024-5EDU4/I/957290/2024 ਮਿਤੀ 29.10.2024 ਰਾਹੀਂ ਸ੍ਰੀ ਬੀ.ਆਰ. ਬਾਂਸਲ, (ਰਿਟਾ.) ਜਿਲ੍ਹਾ ਅਤੇ ਸੈਸ਼ਨ ਜੱਜ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।

3. ਇਹ ਕਿ ਪੜਤਾਲੀਆ ਅਫਸਰ ਵੱਲੋਂ ਮਿਤੀ 11.04.2025 ਨੂੰ ਵਿਭਾਗ ਨੂੰ ਪੜਤਾਲ ਰਿਪੋਰਟ ਭੇਜੀ ਗਈ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਅਧਿਕਾਰਨ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਦੋਸ਼ ਸਿੱਧ ਨਹੀਂ ਕੀਤੇ ਗਏ।

O/o DGSE CUM SPD
Sarva Shiksha Abhiyan Authority (Pb.)
Central Dairy
No. 4360657 25/6/25

P.T.O.

4. ਇਹ ਕਿ ਪੜ੍ਹਤਾਲੀਆ ਅਫਸਰ ਵੱਲੋਂ ਪੇਸ਼ ਕੀਤੀ ਗਈ ਪੜ੍ਹਤਾਲ ਰਿਪੋਰਟ ਦੇ ਅਧਾਰ ਤੇ ਅਧਿਕਾਰਨ ਨੂੰ ਮਿਤੀ 10.06.2025 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਨਿੱਜੀ ਸੁਣਵਾਈ ਦੌਰਾਨ ਅਧਿਕਾਰਨ ਵੱਲੋਂ ਦੱਸਿਆ ਗਿਆ ਕਿ ਮਿਤੀ 22.08.2024 ਨੂੰ ਜਦੋਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅੰਮ੍ਰਿਤਸਰ ਵੱਲੋਂ 09.10 ਵਜੇ ਅਚਨਚੇਤ ਨਿਰੀਖਣ ਕੀਤਾ ਗਿਆ ਤਾਂ ਜਿਲ੍ਹਾ ਸਿੱਖਿਆ ਅਫਸਰ ਦੇ ਸਕੂਲ ਵਿੱਚ ਪਹੁੰਚਣ ਤੋਂ ਪਹਿਲਾਂ ਹੀ 09.00 ਵਜੇ ਪੀਰੀਅਡ ਬਦਲਣ ਦੀ ਘੰਟੀ ਵੱਜ ਚੁੱਕੀ ਸੀ। ਅਧਿਕਾਰਨ ਵੱਲੋਂ ਇਹ ਵੀ ਦੱਸਿਆ ਗਿਆ ਕਿ ਉਹ ਆਪਣੇ ਦਫ਼ਤਰ ਤੋਂ ਨਿਕਲ ਕੇ ਸਕੂਲ ਦੇ ਵਰਾਂਡੇ ਤੋਂ ਕਲਾਸਾਂ ਦਾ ਨਿਰੀਖਣ ਕਰਨ ਆਈ ਸੀ ਅਤੇ ਉਸ ਦਿਨ ਜਿਆਦਾਤਰ ਅਧਿਆਪਕ ਛੁੱਟੀ ਤੇ ਹੋਣ ਕਾਰਨ ਕਲਾਸਾਂ ਦੀ ਐਡਜਸਟਮੈਂਟ ਕੀਤੀ ਹੋਈ ਸੀ, ਜਿਸ ਕਾਰਨ ਕਈ ਵਿਦਿਆਰਥੀ ਕਲਾਸਾਂ ਤੋਂ ਬਾਹਰ ਸਨ, ਇਸ ਤਰ੍ਹਾਂ ਉਸ ਵੱਲੋਂ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕੀਤੀ ਗਈ ਹੈ। ਅਧਿਕਾਰਨ ਵੱਲੋਂ ਇਹ ਵੀ ਦੱਸਿਆ ਗਿਆ ਕਿ ਉਸਦਾ ਵਤੀਰਾ ਸਾਥੀ ਅਧਿਆਪਕਾਂ ਨਾਲ ਵੀ ਵਧੀਆ ਹੈ। ਸ੍ਰੀਮਤੀ ਮੋਨਿਕਾ ਮਹਾਜਨ ਵੱਲੋਂ ਆਪਣੇ ਪੱਖ ਵਿੱਚ ਦੱਸਿਆ ਗਿਆ ਕਿ ਟੈਕਨੀਕਲ ਸਮੱਸਿਆਵਾਂ ਕਾਰਨ ਅਧਿਆਪਕਾਂ ਦੀਆਂ ਗੁਪਤ ਰਿਪੋਰਟਾਂ ihrms ਤੇ ਭਰਨ ਵਿੱਚ ਦੇਰੀ ਹੋਈ ਹੈ। ਉਸ ਵੱਲੋਂ ਅੱਗੇ ਤੋਂ ਹੋਰ ਵੀ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿਵਾਇਆ ਗਿਆ। ਅਧਿਕਾਰਨ ਵੱਲੋਂ ਦਿੱਤੇ ਗਏ ਜਵਾਬ ਅਤੇ ਪੜ੍ਹਤਾਲੀਆ ਅਫਸਰ ਦੀ ਰਿਪੋਰਟ ਨਾਲ ਸਹਿਮਤ ਹੁੰਦੇ ਹੋਏ ਸ੍ਰੀਮਤੀ ਮੋਨਿਕਾ ਮਹਾਜਨ, ਪ੍ਰਿੰਸੀਪਲ, ਸਕੂਲ ਆਫ ਐਮੀਨੈਂਸ, ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਵਿਰੁੱਧ ਮਿਤੀ 20.09.2024 ਰਾਹੀਂ ਜਾਰੀ ਕੀਤੀ ਗਈ ਦੋਸ਼ ਸੂਚੀ ਦਾਖਲ ਦਫਤਰ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਅਧਿਕਾਰਨ ਨੂੰ ਸਰਕਾਰੀ ਸੇਵਾ ਤੇ ਬਹਾਲ ਕਰਦੇ ਹੋਏ ਉਸਦੀ ਤੈਨਾਤੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਰਾਜਾਸਾਂਸੀ, ਜਿਲ੍ਹਾ ਅੰਮ੍ਰਿਤਸਰ ਵਿਖੇ ਖਾਲੀ ਅਸਾਮੀ ਵਿਰੁੱਧ ਕੀਤੀ ਜਾਂਦੀ ਹੈ ਅਤੇ ਪੰਜਾਬ ਸਿਵਲ ਸੇਵਾਵਾਂ ਵਾਲਿਯੂਮ-1, ਪਾਰਟ-1 ਨਿਯਮ 7.3(1) ਤੋਂ 7.3(7) ਤਹਿਤ ਅਧਿਕਾਰਨ ਦੇ ਮਿਤੀ 30.08.2024 ਤੋਂ ਹੁਣ ਤੱਕ ਦੇ ਮੁਅੱਤਲੀ ਸਮੇਂ ਨੂੰ ਡਿਊਟੀ ਪੀਰੀਅਡ ਟਰੀਟ ਕੀਤਾ ਜਾਂਦਾ ਹੈ।

**ਮਿਤੀ, ਚੰਡੀਗੜ੍ਹ**
**20.06.2025**

**ਅਨਿੰਦਿਤਾ ਮਿਤਰਾ, ਆਈ.ਏ.ਐਸ.,**
**ਸਕੱਤਰ, ਪੰਜਾਬ ਸਰਕਾਰ,**
**ਸਕੂਲ ਸਿੱਖਿਆ ਵਿਭਾਗ।**

ਪਿ.ਅੰ.ਨੰ.- SED-EDU404/79/2024-5EDU4/I/1130916/2025 ਮਿਤੀ, ਚੰਡੀਗੜ੍ਹ- 23/06/2025

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਵਿਭਾਗ (ਸੇਵਾਵਾਂ-3 ਸ਼ਾਖਾ)।
2. ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈੱਬਸਾਈਟ ਤੇ ਅੱਪਲੋਡ ਕਰਵਾਇਆ ਜਾਵੇ।
3. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਅੰਮ੍ਰਿਤਸਰ।
4. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਗੁਰਦਾਸਪੁਰ।
5. ਸ੍ਰੀਮਤੀ ਮੋਨਿਕਾ ਮਹਾਜਨ, ਪ੍ਰਿੰਸੀਪਲ, ਸਕੂਲ ਆਫ ਐਮੀਨੈਂਸ, ਅਜਨਾਲਾ, ਜਿਲ੍ਹਾ ਅੰਮ੍ਰਿਤਸਰ **ਮਾਰਫ਼ਤ ਦਫ਼ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅੰਮ੍ਰਿਤਸਰ।**

**ਅਧੀਨ ਸਕੱਤਰ, ਸਕੂਲ ਸਿੱਖਿਆ ਵਿਭਾਗ**